**International Journal of Research in Social Sciences**
Vol. 13 Issue 3, March 2023,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ ਦਾ ਇਤਿਹਾਸਿਕ ਚਿਤਰਣ

**ਮਨਦੀਪ ਕੌਰ**,
ਅਸਿਸਟੈਂਟ ਪ੍ਰੋਫ਼ੈਸਰ, ਇਤਿਹਾਸ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ।

**ਸਾਰ:-** ਸੰਰਚਨਾਤਮਿਕ ਪੱਖ ਤੋਂ ਸਮਾਜ ਇੱਕ ਬਹੁਤ ਜਟਿੱਲ ਪ੍ਰਬੰਧ ਹੈ ਅਤੇ ਇਹ ਪ੍ਰਬੰਧ ਸਦਾ ਇੱਕ ਗਤੀਸ਼ੀਲ ਵਹਾਉ ਵਿੱਚ ਰਹਿੰਦਾ ਹੈ। ਜਟਿਲਤਾ ਦਾ ਕਾਰਨ ਇਹ ਹੈ ਕਿ ਹਰ ਵਿਅਕਤੀ ਦੀ ਆਪਣੇ ਆਪ ਵਿੱਚ ਇੱਕ ਵੱਖਰੀ ਦੁਨੀਆਂ ਹੈ ਪਰ ਵਿਅਕਤੀ ਆਪਣੇ ਭੌਤਿਕ, ਮਾਨਸਿਕ ਤੇ ਆਤਮਿਕ ਵਾਤਾਵਰਣ ਦੀ ਹੀ ਉਪਜ ਹੁੰਦਾ ਹੈ। ਉਸਨੂੰ ਆਪਣੇ ਆਪ ਦੀ ਸੋਝੀ ਦੂਜਿਆਂ ਦੇ ਪ੍ਰਸੰਗ ਵਿੱਚ ਹੀ ਹੁੰਦੀ ਹੈ। ਇਸ ਲਈ ਵਿਅਕਤੀ ਦੀ ਸ਼ਖ਼ਸੀਅਤ ਕਿਸੇ ਸਮਾਜਿਕ ਪ੍ਰਕਰਣ ਵਿੱਚ ਹੀ ਸੰਪੂਰਨ ਸ਼ਖ਼ਸੀਅਤ ਬਣਦੀ ਹੈ। ਇਹੋ ਕਾਰਨ ਹੈ ਕਿ ਕਦੇ ਕਦਾਈਂ ਸਮਾਜ ਨੂੰ ਵਿਅਕਤੀ ਨਾਲੋਂ ਉੱਚਾ ਮਹੱਤਵ ਪ੍ਰਦਾਨ ਕੀਤਾ ਜਾਂਦਾ ਹੈ। ਸਮਾਜ ਇੱਕ ਅਜਿਹਾ (ਸਾਪੇਖਕ ਤੌਰ 'ਤੇ) ਸਥਾਈ ਵਿਰਾਟ ਮਾਨਵ-ਸਮੂਹਾਂ ਦੇ ਸਮਾਜਿਕ ਸੰਬੰਧਾਂ ਤੇ ਰਿਸ਼ਤਿਆਂ ਦਾ ਪ੍ਰਬੰਧ ਹੁੰਦਾ ਹੈ, ਜਿਸਦੇ ਪਿੱਛੇ ਇਤਿਹਾਸਿਕ ਵਿਕਾਸ ਦੁਆਰਾ ਬਣੀਆਂ ਪਰੰਪਰਾਵਾਂ, ਰੀਤਾਂ ਤੇ ਕਾਨੂੰਨਾਂ ਦੀ ਸ਼ਕਤੀ ਹੁੰਦੀ ਹੈ, ਜਿਨ੍ਹਾਂ ਦਾ ਆਧਾਰ ਉਸ ਸਮੇਂ ਦਾ ਵਿਸ਼ੇਸ਼ ਪੈਦਾਵਾਰੀ ਦਾ ਮੁਹਾਣ ਹੁੰਦਾ ਹੈ ਅਤੇ ਇਹ ਸਮਾਜ ਮਨੁੱਖ ਦੇ ਅਗਾਂਹ-ਵਧੂ ਵਿਕਾਸ ਵਿੱਚ ਇੱਕ ਪੜਾਅ ਵਜੋਂ ਹੋਂਦ ਵਿੱਚ ਆਉਂਦਾ ਹੈ।[1] ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ, ਮਨੁੱਖਾਂ ਤੇ ਮਾਨਵੀ-ਸਮੂਹਾਂ 'ਤੇ ਉਪਰੋਕਤ ਧਾਰਨਾਵਾਂ ਵੀ ਪੂਰਨ ਰੂਪ ਵਿੱਚ ਢੁੱਕਦੀਆਂ ਹਨ। ਅਗਾਂਹ ਅਸੀਂ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ ਦਾ ਇਤਿਹਾਸਿਕ ਚਿਤਰਣ ਉਲੀਕਣ ਦਾ ਯਤਨ ਕਰਾਂਗੇ।

**ਮੁੱਖ ਸ਼ਬਦ:-** ਸ੍ਰੀ ਗੁਰੂ ਨਾਨਕ ਦੇਵ, ਸਮਕਾਲੀ ਸਮਾਜ, ਪ੍ਰਬੰਧ, ਮਨੁੱਖ, ਸੰਬੰਧ, ਹਾਲਾਤ, ਇਤਿਹਾਸ, ਬ੍ਰਾਹਮਣ।

**ਜਾਣ-ਪਛਾਣ:-** ਸਮਾਜਿਕ ਇਤਿਹਾਸ ਇਸ ਗੱਲ ਦਾ ਸਾਖੀ ਹੈ ਕਿ ਵੱਖ-ਵੱਖ ਸਮੇਂ ਅਤੇ ਸਥਾਨ ਵਿੱਚ ਵੱਖ-ਵੱਖ ਕਿਸਮ ਦੇ ਰਾਜ ਪ੍ਰਬੰਧ ਰਹੇ ਹਨ। ਸਮਾਜ ਦੇ ਪਦਾਰਥਿਕ, ਮਾਨਸਿਕ ਅਤੇ ਆਤਮਿਕ, ਤਿੰਨਾਂ ਬੁਨਿਆਦੀ ਅੰਗਾਂ ਵਿੱਚ ਹਰ ਸਮੇਂ ਤਬਦੀਲੀ ਆਉਂਦੀ ਰਹਿੰਦੀ ਹੈ ਅਤੇ ਉਸ ਤਬਦੀਲੀ ਨਾਲ ਸਮਾਜ ਦੇ ਪ੍ਰਕਾਰ ਤੇ ਪ੍ਰਕਿਰਤੀ ਵਿੱਚ ਫ਼ਰਕ ਪੈਂਦਾ ਹੈ।[2] ਇਸ ਤੋਂ ਇਲਾਵਾ ਮਨੁੱਖ ਅਤੇ ਸਮਾਜ ਦਾ ਆਪਸੀ ਅਟੁੱਟ ਸੰਬੰਧ ਵੀ, ਇੱਕ ਦੂਜੇ ਦੀ ਹੋਂਦ ਲਈ ਅਹਿਮ ਕੜੀ ਹੁੰਦਾ ਹੈ, ਕਿਉਂਕਿ ਆਦਮੀ ਸਮਾਜਿਕ ਜੀਵ ਹੈ, ਸਮਾਜ ਅੰਦਰ ਰਹਿੰਦਿਆਂ ਉਹ ਸਮਾਜ ਤੋਂ ਅਣਭਿੱਜ ਵੀ ਨਹੀਂ ਰਹਿ ਸਕਦਾ; ਸਮਾਜ ਦੇ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਹਾਲਾਤਾਂ ਤੋਂ ਉਹ ਮੁਤਾਸਿਰ ਹੁੰਦਾ ਹੈ; ਖ਼ਾਸਕਰ ਇੱਕ ਕਵੀ ਜੋ ਵੱਧ ਸੰਵੇਦਨਸ਼ੀਲ ਵਿਅਕਤੀ ਹੈ। ਕਵੀ ਆਪਣੀ ਰਚਨਾ ਕਰਨ ਵੇਲੇ ਇਨ੍ਹਾਂ ਹਾਲਾਤਾਂ ਤੋਂ ਚੇਤਨ ਤੇ ਅਵਚੇਤਨ ਤੌਰ 'ਤੇ ਮੁਤਾਸਿਰ ਜ਼ਰੂਰ ਰਹਿੰਦਾ ਹੈ ਤੇ ਇਨ੍ਹਾਂ ਹਾਲਾਤਾਂ ਦੀ ਗੱਲ ਕਰ ਜਾਂਦਾ ਹੈ।[3]

ਗੁਰੂ ਨਾਨਕ ਸਾਹਿਬ ਭਾਵੇਂ ਕੋਈ ਸਮਾਜ-ਵਿਗਿਆਨੀ ਨਹੀਂ ਸਨ ਪਰ ਉਨ੍ਹਾਂ ਨੇ ਆਪਣੀਆਂ ਸਾਹਿਤਕ ਰਚਨਾਵਾਂ (ਬਾਣੀ) ਵਿੱਚ ਸਮਕਾਲੀ ਸਮਾਜ, ਪੂਰਵ-ਵਰਤੀ ਸਮਾਜ ਤੇ ਭਵਿੱਖ ਦੇ ਚੰਗੇਰੇ ਸਮਾਜ ਨਾਲ ਸੰਬੰਧਿਤ ਲਗਭਗ ਸਾਰੇ ਤੱਤਾਂ ਦਾ ਉਲੇਖ ਪ੍ਰਸੰਗ ਅਨੁਸਾਰ ਕੀਤਾ ਹੈ। ਪਰਿਵਾਰਿਕ ਜੀਵਨ, ਸਮਾਜਿਕ ਜੀਵਨ ਤੇ ਚੰਗੇਰੀਆਂ ਕਦਰਾਂ-ਕੀਮਤਾਂ ਦੀ ਭਾਵਨਾ ਵਾਲੇ ਚਿੱਤਰ ਉਨ੍ਹਾਂ ਦੀ ਬਾਣੀ ਵਿੱਚ ਬਹੁਤ ਥਾਵਾਂ 'ਤੇ ਮਿਲ ਜਾਂਦੇ ਹਨ। ਆਪਣੇ ਸਮਕਾਲੀਨ ਸਮੇਂ ਦੇ ਸਮਾਜ ਦੇ ਕੁੱਝ ਪੱਖਾਂ ਦਾ ਖੰਡਨ ਕਰਦੇ ਹੋਏ ਅਤੇ ਇੱਕ ਵਿਸ਼ੇਸ਼ ਤਰ੍ਹਾਂ ਦੇ ਮਨੁੱਖੀ ਜੀਵਨ ਅਤੇ ਸੱਭਿਆਚਾਰ ਦਾ ਸੰਕੇਤ ਮਾਤਰ ਚਿਤਰਨ ਕਰਦੇ ਹੋਏ ਉਨ੍ਹਾਂ ਨੇ ਜੋ ਸਮਾਜ ਤੇ ਸਮਾਜਿਕ ਵਿਵਹਾਰ ਦਾ ਸੰਕਲਪ ਸਾਡੇ ਸਾਹਮਣੇ ਰੱਖਿਆ ਹੈ, ਉਸਦੀ ਅਸਲ ਪਹਿਚਾਣ ਪੁਰਾਣੇ ਭਾਰਤੀ ਸਮਾਜ ਅਤੇ ਉਸ ਸਮਾਜ ਦੇ ਇਤਿਹਾਸਿਕ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਿਨਾਂ ਅਸੰਭਵ ਹੋਵੇਗੀ।

1 *ਖੋਜ ਪੱਤ੍ਰਿਕਾ (ਬਾਣੀਕਾਰ ਵਿਸ਼ੇਸ਼ ਅੰਕ)*, ਅੰਕ 57, ਮਾਰਚ 2003, ਪੰਨਾ 6-7

2 ਉਹੀ, ਪੰਨਾ 7

3 *ਖੋਜ ਪੱਤ੍ਰਿਕਾ (ਗੁਰੂ ਨਾਨਕ ਵਿਸ਼ੇਸ਼ ਅੰਕ)*, ਅੰਕ 3, ਨਵੰਬਰ 1969, ਪੰਨਾ 71

**International Journal of Research in Social Sciences**
Vol. 13Issue 3, March 2023,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਆਰੰਭਿਕ ਸਮੇਂ (ਸਤਿਜੁਗ) ਤੋਂ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ (ਕਲਜੁਗ) ਤੱਕ ਭਾਰਤੀ ਸਮਾਜ ਵਿੱਚ ਅਨੇਕਾਂ ਪਰਿਵਰਤਨ ਆਏ। ਭਾਰਤੀ ਸਮਾਜ ਦੀਆਂ ਪੁਰਾਣੀਆਂ ਪਰੰਪਰਾਵਾਂ ਟੁੱਟਣ ਨਾਲ ਇਸਦੀ ਅਰੋਗਤਾ ਦਿਨੋ-ਦਿਨ ਘਟਦੀ ਗਈ। ਭਾਰਤੀ ਸਮਾਜ ਦੇ ਸਵਾਸਥ ਨੂੰ ਇਤਿਹਾਸ ਦੇ ਸ਼ੀਸ਼ੇ ਵਿੱਚੋਂ ਦੀ ਵੇਖੀਏ ਤਾਂ ਇਸਦੀ ਅਧੋਗਤੀ ਸਪੱਸ਼ਟ ਰੂਪ ਵਿੱਚ ਸਾਹਮਣੇ ਆ ਜਾਂਦੀ ਹੈ। ਸ਼ੁਰੂ ਦੇ ਆਰੀਆ ਲੋਕ ਕਿਉਂਕਿ ਝੁੰਡਾਂ ਜਾਂ ਕਬੀਲਿਆਂ ਵਿੱਚ ਰਹਿੰਦੇ ਸਨ, ਜਿਸ ਵਿੱਚ ਹਰ ਬੰਦਾ ਬਰਾਬਰ ਸੀ। ਇਸ ਲਈ ਆਪਣੇ ਕਬੀਲੇ ਨਾਲ ਇਕਸੁਰਤਾ ਮਨੁੱਖ ਲਈ ਸ਼ਕਤੀ ਅਤੇ ਸੁਰੱਖਿਆ ਦਾ ਕਾਰਨ ਬਣਦੀ ਸੀ। ਇਹ ਸਮਾਜ ਦੀ ਉਹ ਅਵਸਥਾ ਸੀ, ਜਿਸ ਵਿੱਚ ਹਰ ਵਿਅਕਤੀ ਸੰਤੁਸ਼ਟ ਸੀ ਪਰ ਹੌਲੀ-ਹੌਲੀ ਖੇਤੀਬਾੜੀ ਦੇ ਵੱਧਣ ਨਾਲ ਧਾਤੂ ਯੁੱਗ ਆਉਣ ਬਾਅਦ ਵਪਾਰ ਵਿੱਚ ਵਾਧਾ ਹੋਣ ਨਾਲ ਲੋਕਾਂ ਦੀ ਪ੍ਰਤਿਭਾ, ਸ਼ਕਤੀ ਅਤੇ ਧਨ ਵਿੱਚ ਫ਼ਰਕ ਪਿਆ ਅਤੇ ਸਮਾਜ ਵਿੱਚ ਪਹਿਲੀ ਵਾਰ ਨਾ-ਬਰਾਬਰੀ ਤੇ ਦੁਸ਼ਮਣੀ ਦੇ ਬੀਜ ਬੀਜੇ ਗਏ। ਧਨ ਦੀ ਕਾਣੀ ਵੰਡ ਨੇ ਸਮੁੱਚੇ ਸਮਾਜ ਨੂੰ ਵਿਭਾਜਤ ਕਰ ਦਿੱਤਾ ਤੇ ਸਮਾਜਿਕ ਭੇਦ-ਭਾਵ ਹੋਂਦ ਵਿੱਚ ਆਇਆ। ਇਸੇ ਸਮੇਂ ਹੀ ਵਰਣ-ਵਿਵਸਥਾ ਦਾ ਆਰੰਭ ਹੋਇਆ। ਅਸਲ ਵਿੱਚ ਵਿਅਕਤੀਗਤ ਚੇਤਨਾ ਨੇ ਮਨੁੱਖ ਅੰਦਰ ਹਉਂ ਦੀ ਭਾਵਨਾ ਉਤਪੰਨ ਕੀਤੀ ਅਤੇ ਇਸੇ ਭਾਵਨਾ ਦੇ ਅਧੀਨ ਨਿੱਜੀ ਜਾਇਦਾਦ ਨੇ ਜਨਮ ਲਿਆ। ਇਉਂ ਇਹ ਸਮਾਜ ਸ਼੍ਰੇਣੀ-ਸਮਾਜ ਬਣ ਗਿਆ ਅਤੇ ਸਮੂਹਿਕ ਚੇਤਨਾ ਤੇ ਸ਼੍ਰੇਣੀ ਚੇਤਨਾ ਬਣ ਗਈ।[4]

ਉਸ ਵੇਲੇ ਦਾ ਸਮਾਜ ਚਾਰ ਵਰਗਾਂ: 'ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ' ਵਿੱਚ ਵੰਡਿਆ ਹੋਇਆ ਸੀ। ਕਾਫ਼ੀ ਸਮਾਂ ਤਾਂ ਇਨ੍ਹਾਂ ਚਾਰੇ ਵਰਗਾਂ ਵਿੱਚ ਸਾਂਝ ਤੇ ਇਕਸੁਰਤਾ ਬਣੀ ਰਹੀ। ਪਦਾਰਥਿਕ-ਕੁਸ਼ਲਤਾ/ਉੱਨਤੀ ਦੇ ਪ੍ਰਭਾਵ ਕਾਰਨ ਜਲਦੀ ਹੀ ਇਨ੍ਹਾਂ ਵਰਣਾਂ/ਵਰਗਾਂ ਅੰਦਰਲੀ ਇਕਸੁਰਤਾ ਆਪੋ-ਧਾਪੀ ਵਿੱਚ ਬਦਲ ਗਈ। ਕਹਿਣ ਦਾ ਭਾਵ ਇਹ ਕਿ ਵਰਣ-ਵਿਵਸਥਾ ਦੇ ਆਰੰਭ ਨੇ ਕੇਵਲ ਖੇਤੀ, ਵਪਾਰ ਤੇ ਦਸਤਕਾਰੀ ਵਿੱਚ ਹੀ ਵਾਧਾ ਨਹੀਂ ਕੀਤਾ, ਸਗੋਂ ਸਮਾਜਿਕ ਖਿਚੋਤਾਣ ਨੂੰ ਵੀ ਵਧਾਇਆ, ਨੈਤਿਕ, ਆਤਮਿਕ ਤੇ ਸਦਾਚਾਰਕ ਪਤਨ ਨੂੰ ਵੀ ਸ਼ਹਿ ਦਿੱਤੀ। ਸਮੂਹਕ ਚੇਤਨਾ ਦੇ ਨਸ਼ਟ ਹੋਣ ਨਾਲ ਵਿਅਕਤੀ ਆਪਣੇ ਆਪੇ ਨੂੰ ਵਧੇਰੇ ਮਹੱਤਵਪੂਰਨ ਸਮਝਣ ਲੱਗਾ ਅਤੇ ਵਿਅਕਤੀਗਤ ਭਾਵਨਾ ਨੇ ਉਸਦੀ ਸ਼ਖ਼ਸੀਅਤ ਨੂੰ ਖੰਡਿਤ ਹੀ ਕੀਤਾ। ਕੀਮਤਾਂ ਦੇ ਬਦਲਣ ਨਾਲ ਧਰਮ ਦੀ ਭਾਵਨਾ ਵੀ ਬਦਲ ਗਈ, ਪੁਰਾਣਾ ਪ੍ਰਾਕ੍ਰਿਤਿਕ ਧਰਮ ਲੋਕਾਂ ਦੇ ਵਿਸ਼ਵਾਸ ਦਾ ਕੇਂਦਰ ਨਾ ਰਿਹਾ।

ਇਉਂ ਸਮਾਜ ਵਿੱਚ ਲੁੱਟ-ਖਸੁੱਟ ਨੂੰ ਸ਼ਹਿ ਮਿਲੀ। ਜਿੰਨਾ ਵੱਧ ਕੰਮ ਨੀਵੀਆਂ ਜਾਤੀਆਂ ਦੇ ਲੋਕ ਕਰਦੇ ਸਨ, ਉਤਨੇ ਹੀ ਉੱਚੀਆਂ ਜਾਤੀਆਂ ਦੇ ਲੋਕ ਪੜ੍ਹੇ-ਲਿਖੇ ਤੇ ਖ਼ੁਸ਼ਹਾਲ ਹੁੰਦੇ ਜਾਂਦੇ ਸਨ। ਅਸਲ ਵਿੱਚ ਸਮਾਜ ਦੀ ਇਹ ਹਾਲਤ ਵਰਣ-ਵਿਵਸਥਾ ਦੇ ਜਟਿੱਲ ਤੇ ਸਥਾਈ ਹੋਣ ਕਾਰਨ ਸੀ ਕਿਉਂਕਿ ਸਮੇਂ ਦੇ ਵਿਕਾਸ ਨਾਲ ਨਵੀਆਂ ਸਮਾਜਿਕ-ਆਰਥਿਕ ਕੀਮਤਾਂ ਹੋਂਦ ਵਿੱਚ ਆਈਆਂ, ਪਰ ਸਮਾਜ ਇਨ੍ਹਾਂ ਕੀਮਤਾਂ ਨਾਲ ਸਾਵਾਂ ਨਾ ਉਤਰ ਸਕਿਆ ਜਾਂ ਇਉਂ ਕਹਿ ਲਵੋ ਕਿ ਸਮਾਜ 'ਤੇ ਬ੍ਰਾਹਮਣਾਂ ਦਾ ਕਾਬੂ ਉਸੇ ਤਰ੍ਹਾਂ ਰਿਹਾ ਅਤੇ ਇਹ ਬ੍ਰਾਹਮਣ ਜਾਂ ਪੰਡਿਤ ਪੁਰਾਣੇ ਧਰਮ ਸੂਤਰ ਜਾਂ ਧਰਮ ਸ਼ਾਸਤਰਾਂ ਨੂੰ ਉਸੇ ਤਰ੍ਹਾਂ ਸਮਾਜ ਉੱਪਰ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਲਗਭਗ ਅੱਧਾ ਜਾਂ ਇਸ ਤੋਂ ਵੀ ਬਹੁਤਾ ਸਮਾਜ ਹਾਕਮਾਂ ਦੀ ਦ੍ਰਿਸ਼ਟੀ ਤੋਂ ਪਰੇ ਸੀ। ਔਰਤ ਨੂੰ ਮੁੜ ਕੇ ਤੰਗ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਣ ਲੱਗਾ। ਸਮਾਜ ਵਿੱਚ ਉਸਦਾ ਕੋਈ ਸਤਿਕਾਰ ਨਹੀਂ ਸੀ, ਪੁਰਸ਼ ਤੋਂ ਉਸਨੂੰ ਹਰ ਪੱਖੋਂ ਨੀਵੀਂ ਦਰਸਾਇਆ ਜਾਣ ਲੱਗਾ ਤੇ ਸਮਾਜਿਕ ਇਕੱਠਾਂ ਤੇ ਰਸਮਾਂ ਆਦਿ ਵਿੱਚ ਉਸਦੀ ਹੋਂਦ ਨੂੰ ਬਦਸ਼ਗਣੀ ਗਿਣਿਆ ਜਾਣ ਲੱਗਾ।[5]

ਜਿਸ ਸਮਾਜ ਵਿੱਚ ਇਸਤਰੀ ਨਿੱਘਰੀ ਹੋਈ ਹੋਵੇ, ਉਸਦੇ ਹੱਕ ਹਕੂਕ ਖੋਹੇ ਜਾ ਚੁੱਕੇ ਹੋਣ, ਉਸਦੇ ਅਰਮਾਨ ਕੁਚਲੇ ਜਾਂਦੇ ਹੋਣ, ਉਸਨੂੰ ਦਲੀਲ, ਅਪੀਲ ਅਤੇ ਆਪਣੀ ਸੁਰੱਖਿਅਤਾ ਤੱਕ ਦਾ ਵੀ ਅਧਿਕਾਰ ਨਾ ਹੋਵੇ, ਉਹ ਸਮਾਜ ਤੇ ਸੱਭਿਆਚਾਰ ਕਦੇ ਵੀ ਚਿਰੰਜੀਵਤਾ ਦਾ ਦਾਅਵਾ ਨਹੀਂ ਕਰ ਸਕਦਾ। ਇਨਸਾਨ ਵਜੋਂ ਜਨਮੇ ਇਸਤਰੀ ਅਤੇ ਮਰਦ ਨੂੰ ਲਿੰਗ-ਭੇਦ ਕਾਰਨ ਛੋਟਾ-ਵੱਡਾ ਗਰਦਾਨਣਾ ਬਿਲਕੁਲ ਅਨੁਚਿਤ ਹੈ। ਇਹ ਜਾਇਜ਼ ਨਹੀਂ ਕਿ ਸਮਾਜ ਰੂਪੀ ਗੱਡੀ ਦੇ ਇੱਕ ਪਹੀਏ ਨੂੰ ਵੱਡਾ (ਮਰਦ) ਅਤੇ ਇੱਕ ਨੂੰ ਛੋਟਾ (ਔਰਤ) ਤਸੱਵਰ ਕਰੀਏ। ਕਿਸੇ ਵੀ ਜਨ-ਸਮੂਹ ਦੇ ਸੰਤੁਲਿਤ ਵਿਕਾਸ ਅਤੇ ਨਿਰੰਤਰ

---

4 *ਖੋਜ ਪੱਤ੍ਰਿਕਾ (ਬਾਣੀਕਾਰ ਵਿਸ਼ੇਸ਼ ਅੰਕ)*, ਅੰਕ 57, ਮਾਰਚ 2003, ਪੰਨਾ 10-11

5 ਉਹੀ, ਪੰਨਾ 12

International Journal of Research in Social Sciences
Vol. 13Issue 3, March 2023,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਪ੍ਰਫੁਲਿਤਾ ਲਈ ਦੋਹਾਂ ਦੀ ਸਮਾਨਤਾ, ਦੋਹਾਂ ਦੀ ਸਾਂਝ ਅਤੇ ਦੋਹਾਂ ਦਾ ਵਿਕਾਸ ਲਾਜ਼ਮੀ ਗੱਲ ਹੈ।[6]

ਗੁਰੂ ਨਾਨਕ ਤੋਂ ਪਹਿਲਾਂ ਕਈ ਵਿਚਾਰਕਾਂ ਨੇ ਸਮਾਜਿਕ ਅਤੇ ਧਾਰਮਿਕ ਸੁਧਾਰ ਲਈ ਅੰਦੋਲਨ ਕੀਤੇ ਪਰ ਉਹ ਕੇਵਲ ਮਤ ਅਤੇ ਮੱਠ ਹੀ ਥਾਪ ਸਕੇ। ਇਸੇ ਲਈ ਧੀਰੇ-ਧੀਰੇ ਉਨ੍ਹਾਂ ਦਾ ਪਤਨ ਹੋ ਗਿਆ। ਰਾਮਾਨੰਦ ਦੀ ਤਰ੍ਹਾਂ ਕਬੀਰ ਨੇ ਵਿਰਾਗ ਤੇ ਅਨੁਰਾਗ ਵਿੱਚ ਸੁਮੇਲ ਬਣਾਉਣ ਦਾ ਜਤਨ ਕੀਤਾ। ਉਸ ਵੇਲੇ ਦੇ ਬੁੱਧੀਵਾਦੀ ਵਰਗ ਅਤੇ ਸਾਰੇ ਭਗਤ-ਸਮਾਜ ਵਿੱਚ ਉਦਾਸੀ ਛਾਈ ਹੋਈ ਸੀ। ਉਨ੍ਹਾਂ ਨੇ ਨਾ ਤਾਂ ਇਸਲਾਮ ਦਾ ਵਿਰੋਧ ਕੀਤਾ ਅਤੇ ਨਾ ਹੀ ਉਸ ਨਾਲ ਸਮਝੌਤਾ ਕਰਨ ਦਾ ਉਪਰਾਲਾ ਕੀਤਾ।[7]

ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਸਾਧਾਰਨ ਹਿੰਦੂ ਧਰਮ ਦਾ ਵਿਵਹਾਰ ਪਹਿਨਣ-ਓਢਣ, ਖਾਣ-ਪੀਣ, ਪੂਜਾ-ਪਾਠ, ਤੀਰਥ-ਵਰਤ, ਮਾਲਾ-ਤਿਲਕ ਆਦਿ ਬਾਹਰਲੇ ਆਡੰਬਰਾਂ/ਕਰਮਕਾਂਡਾਂ ਤੇ ਅੰਧਵਿਸ਼ਵਾਸਾਂ ਤੱਕ ਸੀਮਿਤ ਰਹਿ ਗਿਆ ਸੀ। ਅਨਪੜ੍ਹ, ਗ਼ਰੀਬ ਅਤੇ ਦਾਸ ਬਿਰਤੀ ਵਾਲੀ ਜਨਤਾ ਬਹੁਤ ਲਾਚਾਰ ਜਿਹੀ ਸੀ। ਅਸਲ ਵਿੱਚ ਗੁਰੂ ਸਾਹਿਬ ਦਾ ਸਮਕਾਲੀ ਸਮਾਜ ਪਤਨਸ਼ੀਲ ਭਾਰਤੀ ਸਮਾਜ ਦੇ ਬੁਨਿਆਦੀ ਮਸਲੇ ਦੀਆਂ ਜੜ੍ਹਾਂ ਇੱਕ ਪੁਰਖੇ ਸਾਮੰਤੀ ਰਾਜ, ਮਾਇਆ ਦੇ ਨਾਬਰਾਬਰੀ ਵਾਲੇ ਨਿਜ਼ਾਮ, ਨਸਲੀ ਤੇ ਸੰਪ੍ਰਦਾਈ ਨਫ਼ਰਤੀ ਵੰਡ, ਵਰਣ/ਜਾਤੀ ਦੇ ਵਿਤਕਰੇ ਵਾਲੀ ਸਮਾਜਿਕ ਸੰਰਚਨਾ ਅਤੇ ਦਲਿਤ, ਨਾਰੀ ਤੇ ਸ਼ੋਸ਼ਿਤ ਸਮਾਜ ਦੀ ਸਮਾਜਿਕ ਅਮਲ ਵਿੱਚੋਂ ਬੇਦਖ਼ਲੀ ਦੀ ਸਿਆਸਤ ਵਿੱਚ ਹਨ।[8]

ਗੁਰੂ ਨਾਨਕ ਸਾਹਿਬ ਨੇ ਆਪਣੇ ਰਚਨਾ-ਵਿਧਾਨ ਵਿੱਚ ਭਾਰਤੀ ਮੱਧਕਾਲੀ ਸਮਾਜ ਦੇ ਰਾਜਸੀ, ਸਮਾਜਿਕ, ਸੱਭਿਆਚਾਰਕ ਅਤੇ ਧਾਰਮਿਕ ਆਦਿ ਖੇਤਰਾਂ ਵਿੱਚ ਪਸਰੇ ਵਿਕਰਿਤ ਵਰਤ-ਵਿਹਾਰਾਂ ਦੀਆਂ ਪਰਤਾਂ ਨੂੰ ਆਧਾਰ ਬਣਾ ਕੇ ਸਿਰਫ਼ ਸਮਾਜਿਕ ਵਿਆਖਿਆ ਦਾ ਪ੍ਰਵਚਨ ਹੀ ਪ੍ਰਸਤੁਤ ਨਹੀਂ ਕੀਤਾ, ਸਗੋਂ ਇਸਨੂੰ ਇੱਕ ਕ੍ਰਾਂਤੀਕਾਰੀ ਤਬਦੀਲੀ ਦੇ ਕੇ ਬਦਲ ਵੱਲ ਵੀ ਮੋੜਿਆ ਹੈ। ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਦੌਰਾਨ ਵਿਭਿੰਨ-ਵਿਭਿੰਨ ਸਥਾਨਾਂ ਦਾ ਭ੍ਰਮਣ ਕਰਦਿਆਂ ਹਰ ਵਰਗ ਦੇ ਲੋਕਾਂ ਨੂੰ ਮਾਨਵੀ ਸਮੱਸਿਆਵਾਂ ਦੇ ਸਮਾਧਾਨ ਹਿੱਤ ਆਪਣੇ ਚੰਗੇਰੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਪ੍ਰੇਰਿਤ ਕੀਤਾ। ਅਜਿਹਾ ਕਰਨ ਲਈ ਉਨ੍ਹਾਂ ਕਹਿਣ-ਸੁਣਨ ਦੀ ਵਿਧੀ ਨੂੰ ਸੰਬੰਧ ਬਣਾਈ ਰੱਖਣ ਲਈ ਉੱਤਮ ਮੰਨਿਆ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥[9]

ਗੁਰੂ ਨਾਨਕ ਸਾਹਿਬ ਦੇ ਵੇਲੇ ਤੱਕ ਸਦੀਆਂ ਦੀ ਗ਼ੁਲਾਮੀ ਨੇ ਹਿੰਦੂ ਸਮਾਜ ਨੂੰ ਅਜਿਹਾ ਬੇਵੱਸ ਕਰ ਦਿੱਤਾ ਕਿ ਧਾਰਮਿਕ ਤੌਰ 'ਤੇ ਜ਼ਿੰਮੇਵਾਰ ਬ੍ਰਾਹਮਣ ਜਮਾਤ ਨੇ ਹਿੰਦੂ ਸਮਾਜ ਦੇ ਨਿਯਮਾਂ ਨੂੰ ਹੋਰ ਵੀ ਕਠੋਰ ਅਤੇ ਕੱਟੜ ਬਣਾ ਦਿੱਤਾ ਸੀ। ਇਸਦਾ ਨਤੀਜਾ ਇਹ ਹੋਇਆ ਕਿ ਸਮਾਜ ਵਿੱਚ ਅਨੇਕਾਂ ਫ਼ਜ਼ੂਲ ਦੀਆਂ ਸਮਾਜਿਕ ਰਸਮਾਂ ਪ੍ਰਚੱਲਿਤ ਹੋ ਗਈਆਂ ਸਨ, ਜਿਨ੍ਹਾਂ ਨੇ ਹੋਰ ਹਿੰਦੂਆਂ ਨੂੰ ਆਪਣੀ ਜਕੜ ਵਿੱਚ ਜਕੜਿਆ ਹੋਇਆ ਸੀ। ਵਰਣ ਵਿਵਸਥਾ ਨੇ ਭਾਰਤੀ ਸਮਾਜ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ। ਜਾਤ-ਪਾਤ ਪ੍ਰਬੰਧ ਨੇ ਸਮਾਜ ਵਿੱਚ ਨਫ਼ਰਤ ਦੇ ਬੀਜ ਬੀਜੇ। ਹਿੰਦੂਆਂ ਵੱਲੋਂ ਜਾਤ-ਪਾਤ ਪ੍ਰਬੰਧ ਦੀ ਪ੍ਰੋੜ੍ਹਤਾ ਧਾਰਮਿਕ ਆਖੇ ਜਾਣ ਵਾਲੇ ਗ੍ਰੰਥਾਂ ਵਿੱਚ ਹੋਣ ਕਰਕੇ ਇਸ ਵਿਵਸਥਾ ਨੂੰ ਸਦੀਵੀ ਰੱਖਣ ਲਈ ਉਪਰਾਲਾ ਕੀਤਾ ਗਿਆ। ਸਮਾਜ ਵਿੱਚ ਮਨੁੱਖਤਾ ਨੂੰ ਵੰਡਣ ਲਈ ਤੇ ਇਸ ਪ੍ਰਬੰਧ ਨੂੰ ਸਦੀਵੀ ਬਣਾਈ ਰੱਖਣ ਲਈ ਹਿੰਦੂਆਂ ਨੇ ਅਨੇਕਾਂ ਤਰ੍ਹਾਂ ਦੇ ਸਮਾਜਿਕ ਨਿਯਮ ਬਣਾਏ ਹੋਏ ਸਨ, ਜੋ ਕਿ ਧਾਰਮਿਕ ਗ੍ਰੰਥਾਂ ਵਿੱਚ ਦਰਜ ਹਨ, ਉਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ ਰੱਬੀ ਹੁਕਮ ਦੇ ਸਮਾਨ ਸੀ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦੀ ਵਿਵਸਥਾ ਵੀ ਧਾਰਮਿਕ ਗ੍ਰੰਥਾਂ ਵਿੱਚ ਦਰਜ ਕੀਤੀ ਗਈ ਹੈ।[10] ਅਸਲ ਵਿੱਚ ਵੇਖਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ "ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸਮੇਂ ਦੇ ਸਮਾਜ ਅਤੇ ਉਸਦੇ ਪਿਛੋਕੜ ਦੀ ਇੱਕ ਸ਼ੁੱਧ ਪ੍ਰਕਾਰ ਦੀ ਸੂਝ ਸੀ ਤੇ ਇਹ ਵੀ ਠੀਕ ਹੈ ਕਿ ਉਹ ਕਿਸੇ ਸਥਾਪਿਤ ਹਿੱਤ ਨਾਲ ਨਹੀਂ ਸਨ ਬੱਝੇ ਹੋਏ, ਪਰ ਉਹ ਸ਼੍ਰੇਣੀ ਹਿੱਤਾਂ ਤੋਂ ਬਿਲਕੁਲ ਨਿਰਲੇਪ ਨਹੀਂ ਸਨ। ਉਨ੍ਹਾਂ ਦੇ ਖੰਡਨ ਵਿੱਚ

---

6 ਡਾ. ਕੁਲਵੰਤ ਕੌਰ, *ਗੁਰਬਾਣੀ ਅਤੇ ਸੱਭਿਆਚਾਰ,* ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 2011, ਪੰਨਾ 25

7 *ਖੋਜ ਪੱਤ੍ਰਿਕਾ (ਗੁਰੂ ਨਾਨਕ ਵਿਸ਼ੇਸ਼ ਅੰਕ),* ਅੰਕ 3, ਨਵੰਬਰ 1969, ਪੰਨਾ 64

8 ਡਾ. ਸਤਵੰਤ ਕੌਰ (ਸੰਪਾ.), *ਗੁਰੂ ਨਾਨਕ ਬਾਣੀ: ਮੂਲ ਸਰੋਕਾਰ,* ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2021, ਪੰਨਾ 29

9 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 660

10 ਡਾ. ਸਤਵੰਤ ਕੌਰ (ਸੰਪਾ.), *ਗੁਰੂ ਨਾਨਕ ਬਾਣੀ: ਮੂਲ ਸਰੋਕਾਰ,* ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2021, ਪੰਨਾ 80

International Journal of Research in Social Sciences
Vol. 13Issue 3, March 2023,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਇੱਕ ਮੰਡਨ ਦਾ ਸੁਰ ਵੀ ਸੀ। ਉਨ੍ਹਾਂ ਕੋਲ ਪਿਛੋਕੜ ਤੇ ਵਰਤਮਾਨ ਦੀ ਸੂਝ ਦੇ ਨਾਲ-ਨਾਲ ਭਵਿੱਖ ਦੇ ਸਮਾਜ ਦਾ ਸੰਕਲਪ ਵੀ ਸੀ।"[11]

**ਸਿੱਟਾ:-** ਹਰ ਵਿਅਕਤੀ ਆਪਣੇ ਭੌਤਿਕ, ਮਾਨਸਿਕ, ਸੱਭਿਆਚਾਰਕ ਤੇ ਆਤਮਿਕ ਵਾਤਾਵਰਣ ਦੀ ਹੀ ਉਪਜ ਹੁੰਦਾ ਹੈ। ਇਸ ਲਈ ਹਰ ਵਿਅਕਤੀ ਦੀ ਸ਼ਖ਼ਸੀਅਤ ਉਸਦੇ ਆਲੇ-ਦੁਆਲੇ ਦੇ ਸਮਾਜਿਕ ਪ੍ਰਕਰਣ ਵਿੱਚ ਹੀ ਨਿਖਾਰ ਫੜਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਸਾਧਾਰਨ ਹਿੰਦੂ ਧਰਮ ਦਾ ਵਿਹਾਰ ਕੇਵਲ ਪਹਿਰਾਵੇ, ਖਾਣ-ਪੀਣ, ਪੂਜਾ-ਪਾਠ, ਤੀਰਥ-ਵਰਤ, ਮਾਲਾ-ਤਿਲਕ ਆਦਿ ਬਾਹਰੀ ਆਡੰਬਰਾਂ ਤੱਕ ਸੀਮਿਤ ਹੋ ਗਿਆ ਸੀ। ਰਾਜਾ ਸ਼੍ਰੇਣੀ ਮਾਣਸ-ਖਾਣੀ ਬਿਰਤੀ ਵਾਲੀ ਬਣੀ ਹੋਈ ਸੀ। ਨਿਆਂ ਮੁਸਲਿਮ ਸ਼ਰ੍ਹਾ ਦੇ ਅਨੁਸਾਰ ਹੁੰਦਾ ਸੀ। ਜਾਤ-ਪਾਤ ਦਾ ਖ਼ੂਬ ਬੋਲਬਾਲਾ ਸੀ ਤੇ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ।

[11] *ਖੋਜ ਪੱਤ੍ਰਿਕਾ (ਗੁਰੂ ਨਾਨਕ ਵਿਸ਼ੇਸ਼ ਅੰਕ)*, ਅੰਕ 3, ਨਵੰਬਰ 1969, ਪੰਨਾ 15